# Punjab Government Gazette

*Published by Authority*

No. 6] CHANDIGARH, FRIDAY, FEBRUARY 6, 2026 (MAGHA 17, 1947 SAKA)

# PART I

**Punjab Government Notifications and Orders**

ਪੰਜਾਬ ਸਰਕਾਰ

ਉਚੇਰੀ ਸਿੱਖਿਆ ਵਿਭਾਗ

(ਸਿੱਖਿਆ-1 ਸ਼ਾਖਾ)

ਹੁਕਮ

ਮਿਤੀ 16 ਨਵੰਬਰ, 2022

**No. HED-EDUCO12/171/2021-5edu/882**.-ਇਹ ਕਿ ਸਿਵਲ ਰਿੱਟ ਪਟੀਸ਼ਨ ਨੰ: 2827 ਆਫ 2013 ਵਿੱਚ ਮਾਨਯੋਗ ਅਦਾਲਤ ਦੇ ਹੁਕਮ ਮਿਤੀ 28-05-2016 ਦੇ ਸਨਮੁੱਖ ਸ਼੍ਰੀ ਸਵਿੰਦਰਪਾਲ ਸਿੰਘ, ਪ੍ਰਿੰਸੀਪਲ, ਸਰਕਾਰੀ ਕਾਲਜ ਗੁਰਦਾਸਪੁਰ ਹੁਣ ਰਿਟਾਇਰਡ ਵੱਲੋਂ ਸ਼੍ਰੀ ਵਿਜੇ ਕੁਮਾਰ ਸਿੰਘ ਪ੍ਰੋਫੈਸਰ (ਜੁਆਲਜੀ) (ਰਿਟਾ.), ਸ਼੍ਰੀ ਸ਼ਿਵ ਦਿਆਲ ਐਸੋ.ਪ੍ਰੋਫੈਸਰ (ਜੌਗਰਫ਼ੀ) (ਰਿਟਾ.), ਸ਼੍ਰੀ ਗੁਰਿੰਦਰ ਸਿੰਘ ਐਸੋ.ਪ੍ਰੋਫੈਸਰ (ਫਿਜਿਕਸ), ਅਤੇ ਸ਼੍ਰੀ ਅਮਰਜੀਤ ਸੁਪਰਡੰਟ ਗ੍ਰੇਡ-2(ਰਿਟਾ.) ਦੀ ਕਮੇਟੀ ਦੀ ਰਾਏ ਅਨੁਸਾਰ ਅਣਅਧਿਕਾਰਿਤ ਅਤੇ ਸਰਕਾਰੀ ਹਦਾਇਤਾਂ/ਹੁਕਮਾਂ ਦੀ ਵਿਆਖਿਆ ਸਹੀ ਤਰੀਕੇ ਅਤੇ ਸੰਦਰਭ ਵਿੱਚ ਨਾ ਕਰਦੇ ਹੋਏ ਪਟੀਸ਼ਨਰਾਂ ਨੂੰ ਰੈਗੂਲਰ ਕੀਤਾ ਗਿਆ ਸੀ ਜਿਸ ਕਾਰਨ ਵਿਭਾਗ ਨੂੰ ਅਣਸੁਖਾਵੀ ਸਥਿਤੀ ਅਤੇ ਬੇਲੋੜੀ ਲਿਟੀਗੇਸ਼ਨ ਦਾ ਸਾਹਮਣਾ ਕਰਨਾ ਪਿਆ ਹੈ।

2. ਇਹ ਕਿ ਉਕਤ ਦੋਸ਼ਾਂ ਦੇ ਸਨਮੁੱਖ ਸ਼੍ਰੀ ਸਵਿੰਦਰਪਾਲ ਸਿੰਘ, ਪ੍ਰਿੰਸੀਪਲ, ਸਰਕਾਰੀ ਕਾਲਜ ਗੁਰਦਾਸਪੁਰ ਹੁਣ ਰਿਟਾਇਰਡ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਰੂਲਜ 1970 ਤਹਿਤ ਚਾਰਜਸ਼ੀਟ ਮਿਤੀ 24.05.2019 ਨੂੰ ਜਾਰੀ ਕੀਤੀ ਗਈ।

3. ਇਹ ਕਿ ਇਸ ਅਧਿਕਾਰੀ ਵੱਲੋਂ ਚਾਰਜਸ਼ੀਟ ਦਾ ਜਵਾਬ ਦਿੱਤਾ ਗਿਆ। ਜਵਾਬ ਤਸੱਲੀਬਖਸ ਨਾ ਹੋਣ ਕਾਰਨ ਚਾਰਜਸ਼ੀਟ ਵਿੱਚ ਲਗਾਏ ਗਏ ਦੋਸ਼ ਦੀ ਸਚਾਈ ਜਾਨਣ ਲਈ ਸ਼੍ਰੀ ਬੀ.ਸੀ.ਗੁਪਤਾ, ਅਡੀਸ਼ਨਲ ਡਿਸਟ੍ਰਿਕਟ ਅਤੇ ਸੈਸ਼ਨ ਜੱਜ (ਰਿਟਾ.) ਨੂੰ ਇੰਨਕੁਆਰੀ ਅਫਸਰ ਤੈਨਾਤ ਕੀਤਾ ਗਿਆ ਹੈ। ਇੰਨਕੁਆਰੀ ਅਫਸਰ ਵੱਲੋਂ ਰੈਗੂਲਰ ਪੜਤਾਲ ਕਰਕੇ ਰਿਪੋਰਟ ਮਿਤੀ 13.07.2022 ਰਾਹੀ ਸਰਕਾਰ ਨੂੰ ਪੇਸ਼ ਕੀਤੀ ਗਈ। ਇਸ ਸਬੰਧੀ ਦੋਸ਼ੀ ਅਧਿਕਾਰੀ ਨੂੰ ਆਪਣਾ ਪੱਖ ਪੇਸ਼ ਕਰਨ ਲਈ ਮਿਤੀ 10.03.2022 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਨਿੱਜੀ ਸੁਣਵਾਈ ਦੌਰਾਨ ਦੋਸ਼ੀ ਅਧਿਕਾਰੀ/ਕਰਮਚਾਰੀ ਵੱਲੋਂ ਆਪਣਾ ਪੱਖ ਪੇਸ਼ ਕੀਤਾ ਗਿਆ।

4. ਇਹ ਕਿ ਦੋਸ਼ੀ ਅਧਿਕਾਰੀ ਵੱਲੋਂ ਚਾਰਜਸ਼ੀਟ ਦਾ ਜਵਾਬ ਅਤੇ ਨਿੱਜੀ ਸੁਣਵਾਈ ਵਿੱਚ ਪੇਸ਼ ਕੀਤੇ ਪੱਖਾਂ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਸਵਿੰਦਰਪਾਲ ਸਿੰਘ, ਪ੍ਰਿੰਸੀਪਲ, ਸਰਕਾਰੀ ਕਾਲਜ, ਗੁਰਦਾਸਪੁਰ ਹੁਣ ਰਿਟਾਇਰਡ ਦੀ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਰੂਲਜ 1970 ਦੇ ਨਿਯਮ 8 ਰੈਡ ਵਿਦ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਭਾਗ-2 ਦੇ ਨਿਯਮ 2.2 -ਬੀ ਅਧੀਨ 10

ਸਾਲ ਲਈ 10% ਪੈਨਸ਼ਲ ਕੱਟ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਜਿਸ ਸਬੰਧੀ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਪਾਸੋਂ ਪੱਤਰ ਮਿਤੀ 31-8-2022 ਰਾਹੀਂ ਸਹਿਮਤੀ ਮੰਗੀ ਗਈ ਸੀ।ਕਮਿਸ਼ਨ ਵੱਲੋਂ ਤਜਵੀਜ ਨੂੰ ਵਿਚਾਰਨ ਉਪਰੰਤ ਸ਼੍ਰੀ ਸਵਿੰਦਰਪਾਲ ਸਿੰਘ, ਪ੍ਰਿੰਸੀਪਲ, ਸਰਕਾਰੀ ਕਾਲਜ, ਗੁਰਦਾਸਪੁਰ ਹੁਣ ਰਿਟਾਇਰਡ ਦੀ 10 ਸਾਲ ਲਈ 10% ਪੈਨਸ਼ਨ ਕੱਟ ਲਗਾਉਣ ਦੀ ਤਜਵੀਜ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਪੱਤਰ ਨੰ ਫਿਸ 494/2022/ਅ-7/4115 ਮਿਤੀ 01-11-2022 ਰਾਹੀਂ ਪ੍ਰਵਾਨਗੀ ਦਿੱਤੀ ਗਈ ਹੈ।

5. ਹੁਣ, ਇਸ ਲਈ, ਪੰਜਾਬ ਦੇ ਰਾਜਪਾਲ ਜੀ, ਸ਼੍ਰੀ ਸਵਿੰਦਰ ਸਿੰਘ, ਪ੍ਰਿੰਸੀਪਲ, ਸਰਕਾਰੀ ਕਾਲਜ, ਗੁਰਦਾਸਪੁਰਹ ਹੁਣ ਰਿਟਾਇਰਡ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਰੂਲਜ 1970 ਦੇ ਨਿਯਮ 8 ਰੈਡ ਵਿਦ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਭਾਗ-2 ਦੇ ਨਿਯਮ 2.2 -ਬੀ ਅਧੀਨ 10 ਸਾਲ ਲਈ 10% ਪੈਨਸ਼ਨ ਕੱਟ ਲਗਾਉਣ ਦੀ ਸਜਾ ਦਿੰਦੇ ਹਨ।

5. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਸਹੀ/-

**ਜਸਪ੍ਰੀਤ ਤਲਵਾੜ, ਆਈ.ਏ.ਐਸ.**

ਚੰਡੀਗੜ੍ਹ — ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਮਿਤੀ 16 ਨਵੰਬਰ, 2022 — ਉਚੇਰੀ ਸਿੱਖਿਆ ਵਿਭਾਗ।

*3628/2-2026/Pb. Govt. Press, S.A.S. Nagar*